ਸਫ਼ਾ 3 ਦੀਆਂ ਬਾਕੀਆਂ

ਮੱਧ-ਪੂਰਬ ਵਿਚ ਜੰਗ ਹੋਰ ਭਖੀ, ਤੇਲ ਸਹੂਲਤਾਂ ਨਿਸ਼ਾਨੇ ਉਤੇ

ਨਾਲ ਹਮਲੇ ਕੀਤੇ। ਇਸਦੇ ਜਵਾਬ ਵਿਚ ਅਮਰੀਕਾ ਅਤੇ ਇਸਰਾਈਲ ਨੇ ਇਰਾਨ ਉਤੇ ਭਾਰੀ ਹਮਲੇ ਕੀਤੇ, ਜਿਸ ਨਾਲ ਜੰਗ ਕਈ ਮੋਰਚਿਆਂ ਉਤੇ ਫੈਲ ਗਈ। ਕੁਵੈਤ ਨੇ ਗਲਤੀ ਨਾਲ ਤਿੰਨ ਅਮਰੀਕੀ ਜੰਗੀ ਜਹਾਜ਼ਾਂ ਨੂੰ ਅਪਣੇ ਆਸਮਾਨ ਵਿਚ ਹੀ ਗਿਰਾ ਦਿਤਾ। ਇਰਾਨੀ ਸੁਪਰੀਮ ਲੀਡਰ ਆਯਤੁੱਲਾਹ ਅਲੀ ਖ਼ਾਮੇਨੇਈ ਦੀ ਹੱਤਿਆ ਤੋਂ ਬਾਅਦ ਹਾਲਾਤ ਹੋਰ ਗੰਭੀਰ ਹੋ ਗਏ ਹਨ। ਇਰਾਨੀ ਰੈੱਡ ਕ੍ਰੈਸੈਂਟ ਸੋਸਾਇਟੀ ਮੁਤਾਬਕ, ਅਮਰੀਕੀ-ਇਸਰਾਈਲੀ ਹਮਲਿਆਂ ਵਿਚ ਹੁਣ ਤਕ 555 ਲੋਕ ਮਾਰੇ ਗਏ ਹਨ ਅਤੇ 130 ਤੋਂ ਵੱਧ ਸ਼ਹਿਰਾਂ ਉਤੇ ਹਮਲੇ ਹੋਏ ਹਨ। ਇਸਰਾਈਲ ਵਿਚ 11 ਅਤੇ ਲੈਬਨਾਨ ਵਿਚ 31 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਲੈਬਨਾਨ ਸਥਿਤ ਇਰਾਨ ਹਮਾਇਤੀ ਗਰੁੱਪ ਹਿਜ਼ਬੁੱਲਾ ਦੇ ਇਜ਼ਰਾਇਲ ਉਤੇ ਹਮਲੇ ਤੋਂ ਬਾਅਦ ਇਜ਼ਰਾਇਲ ਨੇ ਲੈਬਨਾਨ 'ਤੇ ਹਵਾਈ ਹਮਲੇ ਕੀਤੇ ਜਿਸ ਕਾਰਨ 31 ਲੋਕਾਂ ਦੀ ਮੌਤ ਹੋ ਗਈ। ਲੈਬਨਾਨ ਦੇ ਪ੍ਰਧਾਨ ਮੰਤਰੀ ਨਵਾਫ ਸਲਾਮ ਨੇ ਹਿਜਬੁੱਲਾਹ ਦੇ ਹਮਲੇ ਨੂੰ ਗੈਰਕਾਨੂੰਨੀ" ਕਰਾਰ ਦਿਤਾ ਅਤੇ ਕਿਹਾ, ਸਿਰਫ਼ ਰਾਜ ਹੀ ਫੈਸਲਾ ਕਰ ਸਕਦਾ ਹੈ ਕਿ ਜੰਗ ਕਰਨੀ ਹੈ ਜਾਂ ਅਮਨ ਬਣਾਉਣਾ ਹੈ।" ਇਜ਼ਰਾਇਲ ਨੇ ਲੈਬਨਾਨ ਦੇ ਕਈ ਇਲਾਕਿਆਂ 'ਚੋਂ ਲੋਕਾਂ ਨੂੰ ਬਾਹਰ ਜਾਣ ਲਈ ਕਿਹਾ ਹੈ। ਇਰਾਨ ਨੇ ਖੇਤਰੀ ਤੇਲ ਢਾਂਚਿਆਂ ਨੂੰ ਵੀ ਨਿਸ਼ਾਨਾ ਬਣਾਇਆ। ਸਾਊਦੀ ਅਰਬ ਦੇ ਰਸ ਤਨੂਰਾ ਰਿਫ਼ਾਈਨਰੀ ਉਤੇ ਡਰੋਨ ਹਮਲਾ ਹੋਇਆ, ਜਿਸ ਨਾਲ ਕਾਲਾ ਧੂੰਆ ਉੱਠਦਾ ਵਿਖਾ ਈ ਦਿਤਾ। ਓਮਾਨ ਵਿਚ ਇਕ ਤੇਲ ਟੈਂਕਰ ਉਤੇ ਡਰੋਨ ਬੋਟ ਧਮਾਕੇ ਨਾਲ ਇਕ ਭਾਰਤੀ ਮਲਾਹ ਦੀ ਮੌਤ ਹੋ ਗਈ। ਕੁਵੈਤ ਦੇ ਅਹਮਦੀ ਰਿਫ਼ਾਈਨਰੀ ਉਤੇ ਡਰੋਨ ਦੇ ਮਲਬੇ ਨਾਲ ਦੋ ਕਰਮਚਾਰੀ ਜ਼ਖ਼ਮੀ ਹੋਏ। ਵਿਸ਼ਲੇਸ਼ਕ ਤੋਰਬਿਓਰਨ ਸੋਲਟਵੇਡਟ ਨੇ ਕਿਹਾ, ਰਸ ਤਨੂਰਾ ਉਤੇ ਹਮਲਾ ਇਕ ਵੱਡੀ ਤੀਬਰਤਾ ਹੈ। ਇਰਾਨ ਹੁਣ ਖੇਤਰੀ ਊਰਜਾ ਢਾਂਚੇ, ਵਪਾਰਕ ਰਸਤੇ ਅਤੇ ਅਮਰੀਕੀ ਸਾਥੀਆਂ ਨੂੰ ਸਿੱਧਾ ਨਿਸ਼ਾਨਾ ਬਣਾ ਰਿਹਾ ਹੈ।" ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ, ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਜੰਗ ਜਲਦੀ ਖ਼ਤਮ ਨਹੀਂ ਹੋਵੇਗੀ। ਹੋਰ ਅਮਰੀਕੀ ਫ਼ੌਜੀ ਮਾਰੇ ਜਾਣ ਦੀ ਸੰਭਾਵਨਾ ਹੈ।" ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕੀ ਬੰਬਾਰ ਜਹਾਜ਼ਾਂ ਨੇ ਇਰਾਨ ਦੇ ਮਿਸਾਈਲ ਠਿਕਾਣਿਆਂ ਉਤੇ ਹਮਲੇ ਕੀਤੇ ਅਤੇ ਨੌਂ ਜੰਗੀ ਜਹਾਜ਼ ਡੁੱਬੋ ਦਿਤੇ। ਇਰਾਨ ਦੇ ਯੂ.ਐਨ. ਕੌਮਾਂਤਰੀ ਐਟਮੀ ਏਜੰਸੀ ਵਿਚ ਰਾਜਦੂਤ ਰੇਜ਼ਾ ਨਜਾਫੀ ਨੇ ਦੋਸ਼ ਲਗਾਇਆ ਕਿ ਅਮਰੀਕਾ ਅਤੇ ਇਸਰਾਈਲ ਨੇ ਨਤਾਂਜ਼ ਪ੍ਰਮਾਣੂ ਟਿਕਾਣੇ ਉਤੇ ਹਮਲਾ ਕੀਤਾ। (ਏਜੰਸੀ)

ਇਰਾਨ ਦੇ ਉੱਚ ਸੁਰੱਖਿਆ ਅਧਿਕਾਰੀ ਨੇ ਅਮਰੀਕਾ ਨਾਲ ਗੱਲਬਾਤ ਤੋਂ ਇਨਕਾਰ ਕੀਤਾ

ਨੂੰ ਸੰਕੇਤ ਦਿਤਾ ਕਿ ਉਹ ਇਰਾਨ ਦੀ ਨਵੀਂ ਲੀਡਰਸ਼ਿਪ ਨਾਲ ਗੱਲਬਾਤ ਕਰਨ ਲਈ ਤਿਆਰ ਹਨ। ਟਰੰਪ ਨੇ ਐਟਲਾਂਟਿਕ ਨੂੰ ਕਿਹਾ ਸੀ, "ਉਹ (ਇਰਾਨ) ਗੱਲ ਕਰਨਾ ਚਾਹੁੰਦੇ ਹਨ, ਮੈਂ ਗੱਲ ਕਰਨ ਲਈ ਸਹਿਮਤ ਹੋ ਗਿਆ ਹਾਂ, ਇਸ ਲਈ ਮੈਂ ਉਨ੍ਹਾਂ ਨਾਲ ਗੱਲ ਕਰਾਂਗਾ।" ਹਾਲਾਂਕਿ ਇਸ ਤੋਂ ਬਾਅਦ ਇਰਾਨ ਦੇ ਚੋਟੀ ਦੇ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਨੇ 'ਐਕਸ' ਉਤੇ ਚੇਤਾਵਨੀ ਦੇਣ ਵਾਲੇ ਸੁਰ ਵਿਚ ਲਿਖਿਆ, "ਅਸੀਂ ਅਮਰੀਕਾ ਨਾਲ ਗੱਲਬਾਤ ਨਹੀਂ ਕਰਾਂਗੇ।" (ਪੀਟੀਆਈ)

ਡਾਲਰ ਦੇ ਮੁਕਾਬਲੇ ਰੁਪਿਆ 42 ਪੈਸੇ ਡਿੱਗ ਕੇ 91.50 ਦੇ ਪੱਧਰ 'ਤੇ ਪੁੱਜਾ

ਕਾਰੋਬਾਰੀਆਂ ਨੇ ਕਿਹਾ ਕਿ ਘਰੇਲੂ ਸ਼ੇਅਰ ਬਾਜ਼ਾਰਾਂ 'ਚ ਭਾਰੀ ਵਿਕਰੀ ਅਤੇ ਵਿਦੇਸ਼ੀ ਫ਼ੰਡ ਵਾਪਸ ਲੈਣ ਨਾਲ ਭਾਰਤੀ ਕਰੰਸੀ 'ਚ ਹੋਰ ਗਿਰਾਵਟ ਆਈ ਹੈ। ਐਕਸਚੇਂਜ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਸ਼ੁਕਰਵਾਰ ਨੂੰ 7,536.36 ਕਰੋੜ ਰੁਪਏ ਦੇ ਇਕੁਇਟੀ ਵੇਚੇ। ਮੀਰੇ ਐਸੇਟ ਸ਼ੇਅਰਖਾਨ ਦੇ ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨਉਤੇ ਹਮਲਾ ਕਰਨ ਤੋਂ ਬਾਅਦ ਆਲਮੀ ਬਾਜ਼ਾਰਾਂ 'ਚ ਰੁਪਿਆ ਲਗਭਗ ਅੱਧਾ ਫ਼ੀ ਸਦੀ ਡਿੱਗ ਗਿਆ। ਉਨ੍ਹਾਂ ਕਿਹਾ ਕਿ ਐਫ਼.ਆਈ.ਆਈ. ਦੇ ਨਿਕਾਸ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਰਾਤੋ-ਰਾਤ ਵਾਧੇ ਨੇ ਰੁਪਏ ਉਤੇ ਹੋਰ ਦਬਾਅ ਪਾਇਆ ਹੈ, ਜਿਸ ਨਾਲ ਵਧਦੇ ਭੂ-ਸਿਆਸੀ ਤਣਾਅ ਦੇ ਵਿਚਕਾਰ ਗਲੋਬਲ ਬਾਜ਼ਾਰਾਂ ਵਿਚ ਜੋਖਮ ਦੀਆਂ ਭਾਵਨਾਵਾਂ ਉਤੇ ਨਾਕਾਰਾਤਮਕ ਪੱਖ ਨਾਲ ਵਪਾਰ ਕਰਨ ਦੀ ਉਮੀਦ ਹੈ। (ਪੀ.ਟੀ.ਆਈ.)

ਓਮਾਨ ਦੀ ਖਾੜੀ ਵਿਚ ਤੇਲ ਟੈਂਕਰ 'ਤੇ ਹਮਲਾ, ਭਾਰਤੀ ਮਲਾਹ ਦੀ ਮੌਤ

ਤੇਲ ਟੈਂਕਰ 'ਐਮਕੇਡੀ ਵਿਓਮ' 'ਤੇ ਡਰੋਨ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਜਹਾਜ਼ 'ਤੇ ਸਵਾਰ ਇਕ ਭਾਰਤੀ ਨਾਵਿਕ ਦੀ ਜਾਨ ਚਲੀ ਗਈ। ਈਰਾਨ ਵਲੋਂ ਹੋਰਮੁਜ਼ ਜਲਡਮਰੂਮੱਧ ਦੇ ਨੇੜੇ ਜਹਾਜ਼ਾਂ ਨੂੰ ਲਗਾਤਾਰ ਮਿਲ ਰਹੀਆਂ ਧਮਕੀਆਂ ਦੇ ਵਿਚਕਾਰ ਇਹ ਹਮਲਾ ਹੋਇਆ ਹੈ। ਦੂਜੇ ਪਾਸੇ, ਚੀਨ ਦੇ ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਤੇਹਰਾਨ ਵਿਚ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਕੀਤੇ ਗਏ ਹਵਾਈ ਹਮਲਿਆਂ ਦੌਰਾਨ ਇਕ ਚੀਨੀ ਨਾਗਰਿਕ ਦੀ ਮੌਤ ਹੋ ਗਈ ਹੈ। (ਏਜੰਸੀ)

ਯੂਰੇਨੀਅਮ ਅਤੇ ਅਹਿਮ ਖਣਿਜਾਂ ਦੀ ਸਪਲਾਈ ਦਾ ਹੋਇਆ ਕਰਾਰ

ਰੂਪ ਦੇਣ ਦਾ ਫ਼ੈਸਲਾ ਵੀ ਕੀਤਾ। ਦੋਵੇਂ ਨੇਤਾਵਾਂ ਨੇ ਰੱਖਿਆ, ਨਵੀਨ ਤਕਨਾਲੋਜੀ, ਛੋਟੇ ਅਤੇ ਮਾਡਿਊਲਰ ਪ੍ਰਮਾਣੂ ਰਿਐਕਟਰਾਂ, ਸਿੱਖਿਆ ਅਤੇ ਨਵੀਕਰਨਯੋਗ ਊਰਜਾ ਖੇਤਰਾਂ ਵਿਚ ਸਾਂਝੇਦਾਰੀ ਵਧਾਉਣ ਦਾ ਵਾਅਦਾ ਕੀਤਾ। ਕੈਨੇਡਾ ਨੇ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਲਈ 2.6 ਅਰਬ ਡਾਲਰ ਦੇ ਯੂਰੇਨਿਅਮ ਸਪਲਾਈ ਸਮਝੌਤੇ ਰਾਹੀਂ ਸਹਿਯੋਗ ਦੇਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ਾਂ ਨੇ ਆਤੰਕਵਾਦ, ਕੱਟੜਵਾਦ ਅਤੇ ਰੈਡੀਕਲਾਈਜ਼ੇਸ਼ਨ ਨੂੰ ਗੰਭੀਰ ਚੁਨੌਤੀ ਮੰਨਿਆ ਹੈ ਅਤੇ ਇਸ ਵਿਰੁਧ ਸਾਂਝੀ ਕਾਰਵਾਈ ਗਲੋਬਲ ਅਮਨ ਲਈ ਜ਼ਰੂਰੀ ਹੈ। ਉਨ੍ਹਾਂ ਨੇ ਪਛਮੀ ਏਸ਼ੀਆ ਦੀ ਸੁਰੱਖਿਆ ਸਥਿਤੀ ਉਤੇ ਵੀ ਚਿੰਤਾ ਪ੍ਰਗਟਾਈ ਅਤੇ ਸੰਘਰਸ਼ਾਂ ਦੇ ਹੱਲ ਲਈ ਸੰਵਾਦ ਅਤੇ ਕੂਟਨੀਤੀ ਦਾ ਸਮਰਥਨ ਕੀਤਾ।ਕਾਰਨੀ ਨੇ ਕਿਹਾ ਕਿ ਨਵਾਂ ਯੂਰੇਨਿਅਮ ਸਮਝੌਤਾ ਸਾਫ਼ ਅਤੇ ਭਰੋਸੇਯੋਗ ਊਰਜਾ ਪ੍ਰਤੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਸਾਫ਼ ਊਰਜਾ, ਹਵਾ, ਸੂਰਜੀ ਅਤੇ ਹਾਈਡਰੋਜਨ ਖੇਤਰਾਂ ਵਿਚ ਸਾਂਝੇਦਾਰੀ ਵਧਾਈ ਜਾਵੇਗੀ। (ਪੀ.ਟੀ.ਆਈ.)

ਭਾਰਤ ਅਤੇ ਕੈਨੇਡਾ ਵਿਚਕਾਰ ਯੂਰੇਨੀਅਮ ਸੌਦਾ 2008 ਦੇ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਕਾਰਨ ਹੀ ਸੰਭਵ ਹੋ ਸਕਿਆ : ਕਾਂਗਰਸ

ਨਾਲ ਸਿਰੇ ਚੜ੍ਹਿਆ ਸੀ। ਜੈਰਾਮ ਰਮੇਸ਼ ਨੇ ਦਸਿਆ ਕਿ ਕੈਨੇਡਾ ਪਹਿਲਾਂ ਭਾਰਤ ਨੂੰ ਭਾਰੇ ਪਾਣੀ ਵਾਲੇ ਰਿਐਕਟਰ ਬਣਾਉਣ ਵਿਚ ਮਦਦ ਕਰਦਾ ਸੀ, ਪਰ 1974 ਦੇ ਪੋਖਰਣ ਪਰਮਾਣੂ ਪਰਖ ਤੋਂ ਬਾਅਦ ਇਹ ਸਹਿਯੋਗ ਰੁਕ ਗਿਆ ਸੀ। ਮੋਦੀ ਨੇ ਕਿਹਾ ਕਿ ਪ੍ਰਮਾਣੂ ਊਰਜਾ ਖੇਤਰ ਵਿਚ ਲੰਮੇ ਸਮੇਂ ਲਈ ਯੂਰੇਨੀਅਮ ਸਪਲਾਈ ਦਾ ਇਤਿਹਾਸਕ ਸਮਝੌਤਾ ਹੋਇਆ ਹੈ। ਕਾਰਨੀ ਨੇ ਇਸ ਨੂੰ ਸਾਫ਼ ਅਤੇ ਭਰੋਸੇਯੋਗ ਊਰਜਾ ਪ੍ਰਤੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਦਸਿਆ। (ਪੀ.ਟੀ.ਆਈ.)

ਖ਼ਾਲਸਾਈ ਜਾਹੋ-ਜਲਾਲ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦਾ ਆਗ਼ਾਜ਼

ਸਾਹਿਬ, ਗੁਰਦੁਆਰਾ ਤਪਤ ਸਥਾਨ, ਗੁਰਦੁਆਰਾ ਭੋਰਾ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ਦੇਸ਼ ਵਿਦੇਸ਼ ਤੋਂ ਸੰਗਤਾਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਪਿਛਲੀ ਦੇਰ ਰਾਤ ਤੋਂ ਭਾਰੀ ਤਾਦਾਦ ਵਿਚ ਟਰੈਕਟਰ ਟਰਾਲੀਆਂ, ਕਾਰਾਂ, ਬਸਾਂ, ਸਕੂਟਰਾਂ 'ਤੇ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਸ਼ਾਸਨ ਵਲੋਂ ਬਕਾਇਦਾ ਸੰਗਤਾਂ ਦੀ ਸਹੂਲਤ ਲਈ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਇਸ ਸਬੰਧੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਉਪਰੰਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਹੋਲਾ ਮਹੱਲਾ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਜਿਨ੍ਹਾਂ ਦੇ ਭੋਗ 4 ਮਾਰਚ ਨੂੰ ਮਹੱਲੇ ਵਾਲੇ ਦਿਨ ਪੈਣਗੇ ਅਤੇ ਉਸੇ ਦਿਨ ਖ਼ਾਲਸਾਈ ਰਵਾਇਤਾਂ ਮੁਤਾਬਕ ਮਹੱਲਾ ਕਢਿਆ ਜਾਵੇਗਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਖ਼ਾਲਸੇ ਦਾ ਕੌਮੀ ਤਿਉਹਾਰ ਹੋਲਾ ਮਹੱਲਾ ਅੱਜ ਬੜੇ ਹੀ ਜੋਸ਼ੋ ਖਰੋਸ਼ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਰੰਭ ਹੋਇਆ ਜਿਸ ਵਿਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ। ਇਸ ਮੌਕੇ ਉਨ੍ਹਾਂ ਸਮੂਹ ਸੰਗਤਾਂ ਨੂੰ ਹੋਲੇ ਮਹੱਲੇ ਦੀਆਂ ਵਧਾਈਆਂ ਦਿੰਦਿਆਂ ਅੰਮ੍ਰਿਤ ਛਕ ਕੇ ਖ਼ਾਲਸਾ ਪ੍ਰਵਾਰ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਮੁਖ ਬੁਲਾਰੇ ਤੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਾਬਕਾ ਸਿਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ ਨੇ ਕਿਹਾ ਕਿ ਸੰਨ 1700 ਤੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਹੋਲੇ ਮਹੱਲੇ ਦੀ ਸ਼ੁਰੂਆਤ ਕੀਤੀ। ਉਸੇ ਪ੍ਰੰਪਰਾ ਮੁਤਾਬਕ ਅੱਜ ਤਕ ਇਸੇ ਪਾਵਨ ਅਸਥਾਨ ਤੇ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਅਤੇ ਵਹਿਮਾਂ, ਭਰਮਾਂ, ਪਖੰਡਾਂ ਤੋਂ ਦੂਰ ਰਹੋ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਘਰ-ਘਰ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਪਹੁੰਚਾਇਆ ਜਾਵੇ ਤਾਂ ਜੋ ਕੌਮ ਦੀ ਚੜ੍ਹਦੀ ਕਲਾ ਹੋ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੌਮੀ ਹੋਲਾ ਮਹੱਲਾ ਮੇਲੇ ਮੌਕੇ ਵਿਸ਼ੇਸ਼ ਤੌਰ 'ਤੇ ਮੱਥਾ ਟੇਕਿਆ। ਇਸ ਮੌਕੇ ਜਥੇਦਾਰ ਗੜਗੱਜ ਨੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।

ਪੰਜਾਬ ਸਰਕਾਰ ਜੰਗ ਪ੍ਰਭਾਵਤ ਖੇਤਰ 'ਚ ਫਸੇ ਪੰਜਾਬੀਆਂ ਦੀ ਮਦਦ ਲਈ ਅੱਗੇ ਆਈ

ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮੁਸੀਬਤ ਦੌਰਾਨ ਖਾੜੀ ਦੇਸ਼ਾਂ ਵਿਚ ਫਸੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਪ੍ਰਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਫਸੇ ਲੋਕਾਂ ਨੂੰ ਜਲਦ ਤੋਂ ਜਲਦ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ, ਡਾ. ਰਵਜੋਤ ਸਿੰਘ ਨੇ ਕਿਹਾ, "ਸੂਬਾ ਸਰਕਾਰ ਸਮੁੱਚੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਪ੍ਰਭਾਵਿਤ ਖੇਤਰਾਂ ਆ ਰਹੀਆਂ ਕਾਲਾਂ ਸਬੰਧੀ ਕਾਰਜ ਕਰਨਾ ਸ਼ੁਰੂ ਕਰ ਦਿਤਾ ਗਿਆ ਹੈ।" ਡਾ. ਰਵਜੋਤ ਸਿੰਘ ਨੇ ਭਰੋਸਾ ਦਿਤਾ, "ਸਾਨੂੰ ਮੱਧ ਏਸ਼ੀਆ ਤੋਂ ਫੋਨ ਕਾਲ ਆ ਰਹੇ ਹਨ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਸੈਲਾਨੀ ਹਨ। ਪੰਜਾਬ ਸਰਕਾਰ ਵਿਦੇਸ਼ਾਂ ਵਿਚ ਫਸੇ ਹਰ ਪੰਜਾਬੀ ਦੇ ਨਾਲ ਮਜ਼ਬੂਤੀ ਨਾਲ ਖੜੀ ਹੈ ਅਤੇ ਅਸੀਂ ਉਨ੍ਹਾਂ ਦੀ ਸੁਰੱਖਿਅਤ ਨਿਕਾਸੀ ਅਤੇ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰਾਂਗੇ। ਮੰਤਰੀ ਨੇ ਅੱਗੇ ਕਿਹਾ ਕਿ ਇਸ ਸਬੰਧ ਵਿਚ ਏਡੀਜੀਪੀ ਐਨਆਰਆਈ ਵਿੰਗ ਆਰ.ਕੇ. ਜੈਸਵਾਲ ਦੀ ਅਗਵਾਈ ਹੇਠ ਇਕ ਕਮੇਟੀ ਵੀ ਬਣਾਈ ਗਈ ਹੈ। ਪ੍ਰਬੰਧਕੀ ਤਿਆਰੀ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਐਨ.ਆਰ.ਆਈ. ਮਾਮਲੇ ਵਿਭਾਗ, ਗ੍ਰਹਿ ਵਿਭਾਗ ਅਤੇ ਹੋਰ ਸਬੰਧਤ ਏਜੰਸੀਆਂ ਨਾਲ ਤਾਲਮੇਲ ਕਰ ਕੇ, ਪ੍ਰਭਾਵਤ ਵਿਅਕਤੀਆਂ ਦਾ ਡਾਟਾ ਸਰਗਰਮੀ ਨਾਲ ਇਕੱਠਾ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਸੁਰੱਖਿਅਤ ਰਸਤੇ ਨੂੰ ਆਸਾਨ ਬਣਾਉਣ ਲਈ ਐਮਰਜੈਂਸੀ ਯੋਜਨਾਵਾਂ 'ਤੇ ਕੰਮ ਕਰ ਰਿਹਾ ਹੈ।

ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਪ੍ਰੋਪਰਟੀ ਨੰ.ਬੀ0900528 (ਬੀ09-0656) ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਦੇ ਪ੍ਰਾਪਰਟੀ ਰਜਿਸਟਰ ਰਿਕਾਰਡ ਸਰਵੇ ਸਾਲ 2013-14 ਵਿਚ ਹਰਮੀਤ ਕੌਰ ਪਤਨੀ ਹਰਚਰਨ ਸਿੰਘ ਦੇ ਨਾਮ ਤੇ ਰਕਬਾ 166 ਗਜ ਰਿਹਾਇਸ਼ੀ ਵਾਕਿਆ ਖਜੂਰ ਵਾਲੀ ਗਲੀ ਦਰਜ ਹੈ ਹੁਣ ਗੁਰਮੀਤ ਸਿੰਘ ਪੁੱਤਰ ਹਰਚਰਨ ਸਿੰਘ ਵਾਸੀ ਖੰਜੂਰ ਵਾਲੀ ਗਲੀ, ਸ੍ਰੀ ਮੁਕਤਸਰ ਸਾਹਿਬ ਨੇ ਦਫਤਰ ਨਗਰ ਕੌਂਸਲ, ਸ੍ਰੀ ਮੁਕਤਸਰ ਸਾਹਿਬ ਵਿਖੇ ਇਸ ਦਫਤਰ ਦੇ ਰਸੀਟ ਪੱਤਰ ਨੰ.101 ਮਿਤੀ 29.01.2026 ਰਾਹੀ ਦਰਖਾਸਤ ਦਿੱਤੀ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਪ੍ਰਾਪਰਟੀ ਰਿਕਾਰਡ ਵਿਚ ਮੇਰੀ ਮਾਤਾ ਹਰਮੀਤ ਕੌਰ ਪਤਨੀ ਹਰਚਰਨ ਸਿੰਘ ਦੇ ਨਾਮ ਤੇ ਦਰਜ ਹੈ। ਉਕਤ ਪ੍ਰਾਪਰਟੀ ਮੇਰੀ ਮਾਤਾ ਵੱਲੋਂ ਰਜਿਸਟਰੀ ਵਸੀਕਾ ਨੰ.3126 ਮਿਤੀ 2.1.1984 ਰਾਹੀ ਰੇਸ਼ਮ ਕੌਰ ਪਤਨੀ ਵਾ ਗੁਰਬਖਸ਼ ਸਿੰਘ ਪੁੱਤਰ ਮੂਲ ਸਿੰਘ ਪਾਸੋ ਖਰੀਦ ਕੀਤੀ ਸੀ। ਪ੍ਰਾਰਥੀ ਵੱਲੋ ਲਿਖਿਆ ਗਿਆ ਹੈ ਕਿ ਮੇਰੀ ਮਾਤਾ ਦੀ ਮੌਤ ਮਿਤੀ 13.12.2014 ਨੂੰ ਹੋ ਗਈ ਸੀ। ਮੇਰੀ ਮਾਤਾ ਵੱਲੋ ਜਿਉਦੇ ਜੀਅ ਇਕ ਹੱਥ ਲਿਖਤ/ਅਣਰਜਿਸਟਰਡ ਵਸੀਅਤ ਸਾਡੇ ਦੋਵਾ ਭਰਾਵਾ ਗੁਰਮੀਤ ਸਿੰਘ, ਬਲਜੀਤ ਸਿੰਘ ਬੇਟੇ ਹਰਚਰਨ ਸਿੰਘ ਦੇ ਨਾਮ ਕੀਤੀ ਸੀ, ਜੋ ਕਿ ਬਾਅਦ ਵਿਚ ਅਸੀ ਮਾਨਯੋਗ ਤਹਿਸੀਲਦਾਰ ਸ੍ਰੀ ਮੁਕਤਸਰ ਸਾਹਿਬ ਦੇ ਪੇਸ਼ ਹੋ ਕੇ ਦਸਤਾਵੇਜ਼ਨੰ.2025-26/53/3/274 ਮਿਤੀ 12.01.2026 ਰਾਹੀ ਰਜਿਸਟਰਡ ਕਰਵਾਈ ਹੈ। ਪ੍ਰਾਰਥੀ ਵੱਲੋਂ ਦਰਖਾਸਤ ਨਾਲ ਅਧਾਰ ਕਾਰਡ,ਰਜਿਸਟਰੀ ਦੀ ਕਾਪੀ, ਵਸੀਅਤ ਦੀ ਕਾਪੀ ਅਤੇ ਸਵੈ-ਘੋਸ਼ਣਾ ਪੱਤਰ ਨੱਥੀ ਕਰਕੇ ਉਕਤ ਪ੍ਰਾਪਰਟੀ ਹਰਮੀਤ ਕੌਰ ਪਤਨੀ ਹਰਚਰਨ ਸਿੰਘ ਦੀ ਮੌਤ ਤੋਂ ਬਾਅਦ ਆਪਣੇ ਗੁਰਮੀਤ ਸਿੰਘ, ਬਲਜੀਤ ਸਿੰਘ ਬੇਟੇ ਹਰਚਰਨ ਸਿੰਗ ਦੇ ਨਾਮ ਕਰਨ ਲਈ ਦਰਖਾਸਤ ਦਿੱਤੀ ਹੈ। ਜੇਕਰ ਇਸ ਪ੍ਰੋਪਰਟੀ ਸਬੰਧੀ ਕਿਸੇ ਨੂੰ ਵੀ ਕਿਸੇ ਕਿਸਮ ਦਾ ਇਤਰਾਜ ਹੋਵੇ ਤਾਂ ਉਹ ਲਿਖਤੀ ਤੌਰ ਤੇ ਇਸ ਨੋਟਿਸ ਛਪਣ ਦੇ 30 ਦਿਨ (1 ਮਹੀਨਾ) ਦੇ ਅੰਦਰ ਅੰਦਰ ਦਫਤਰ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਵਿਖੇ ਦੇ ਸਕਦਾ ਹੈ। ਮਿੱਥੇ ਸਮੇ ਵਿਚ ਜੇਕਰ ਕੋਈ ਇਤਰਾਜ ਨਹੀ ਆਉਦਾ ਤਾ ਇਸ ਪ੍ਰੋਪਰਟੀ ਦੀ ਨਾਮ ਤਬਦੀਲੀ ਲਈ ਸਿਰਫ ਪ੍ਰੋਪਰਟੀ ਟੈਕਸ ਮੰਤਵ ਲਈ ਅਗੇਲਰੀ ਕਾਰਵਾਈ ਕੀਤੀ ਜਾਵੇਗੀ।

ਕਾਰਜ ਸਾਧਕ ਅਫਸਰ, ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ।

ਖੇਤੀ ਸੰਦਾਂ ਦੀ ਖੁੱਲ੍ਹੀ ਬੋਲੀ

ਸਹਿਕਾਰੀ ਸਭਾ ਢਾਬ ਗੁਰੂ ਕੀ ਵਿਖੇ ਖੇਤੀ ਸੰਦ ਜਿਸ 'ਚ 1 ਸੈੱਟ ਤਵੀਆਂ 16, 1 ਸੈੱਟ ਤਵੀਆਂ 18, 2 ਸੈੱਟ ਰੋਟਾਵੇਟਰ, 1 ਹੈਪੀ ਸੀਡਰ, 2 ਜ਼ੀਰੋ ਡਰਿੱਲ, 1 ਕਣਕ ਬਿਜਾਈ ਮਸ਼ੀਨ (11 ਪੋਰੀ), 1 ਤਰਕੰਡੀ (ਮੋਟਰ ਕੱਢਣ ਵਾਲੀ), 1 ਝੋਨਾ ਬਿਜਾਈ ਮਸ਼ੀਨ, 1 ਸੈੱਟ ਤੋਤਾ ਹਲ (5), 1 ਐਮ.ਬੀ. ਪਲਾਓ, 1 ਸੈੱਟ ਰੀਪਰ, 1 ਲੋਹੇ ਦਾ ਗੇਟ (12 ਫੁੱਟ) ਦੀ ਖੁੱਲ੍ਹੀ ਬੋਲੀ 16 ਮਾਰਚ 2026 ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਸਭਾ ਦੇ ਦਫ਼ਤਰ ਪਿੰਡ ਢਾਬ ਗੁਰੂ ਕੀ ਵਿਖੇ ਹੋਵੇਗੀ। ਚਾਹਵਾਨ ਵਿਅਕਤੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ। ਮੌਕੇ 'ਤੇ ਸ਼ਰਤਾਂ ਦੱਸੀਆਂ ਜਾਣਗੀਆਂ। ਬੋਲੀ ਰੱਦ ਜਾਂ ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।

ਪ੍ਰਧਾਨ ਹਰਬੰਸ ਸਿੰਘ, 97794-02696
ਅਮਨਦੀਪ ਸਕੱਤਰ, 94170-59105

THE GURDASPUR COOPERATIVE SUGAR MILLS LTD., GURDASPUR

Short term e-Tender Notice

e-Tenders and offline tenders are invited from manufacturer/authorized distributers/ Contractors and firms duly approved by Sugarfed, Punjab, Mohali and NFCSF New Delhi for purchase items, contract jobs, other misc. jobs and insurance of 5000 TCD plant & machinery from Govt insurance companies. DNIT and Terms & Conditions can be downloaded from Web Site: mill's and www.eproc.punjab.gov.in for e-tenders www.gurdaspursugar.com for offline tenders. website Tenders must be submitted by 09.03.2026 at 10.00 AM which will be opened on 10.03.2026 at 12.30 PM & negotiation will be held with the lowest tenderer on same day at 03.00 PM in the presence of tenderes, who wish to be present. The General Manager reserve the right to reject/cancel/postpone any or all tenders without assigning any reason. Corrigendum/Changes if any will be issued on the websites only.

General Manager

ਦੀ ਸੰਗਰੂਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਸੰਗਰੂਰ

ਨੰਬਰ/ਪੀ.ਏ.ਡੀ.ਬੀ: 517 ਮਿਤੀ: 02.03.2026

ਨੋਟਿਸ ਆਮ ਇਜਲਾਸ

ਬੈਂਕ ਦੇ ਸਮੂਹ ਏ-ਕਲਾਸ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਸੰਗਰੂਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਸੰਗਰੂਰ ਦਾ ਆਮ ਇਜਲਾਸ ਮਿਤੀ: 24.03.2026 ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ ਬੈਂਕ ਬਿਲਡਿੰਗ, ਸੰਗਰੂਰ ਵਿਖੇ ਹੋਵੇਗਾ। ਇਸ ਲਈ ਸਮੂਹ ਏ-ਕਲਾਸ ਮੈਂਬਰਾਂ ਨੂੰ ਸਮੇਂ ਸਿਰ ਆਮ ਇਜਲਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਏਜੰਡਾ ਹੇਠ ਲਿਖੇ ਅਨੁਸਾਰ ਹੈ:-

1. ਪਿਛਲੇ ਆਮ ਇਜਲਾਸ ਦੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ।
2. ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਅਤੇ ਮੁੱਖ ਦਫਤਰ ਵੱਲੋਂ ਸਮੇਂ-ਸਮੇਂ ਸਿਰ ਬਾਈਲਾਜ਼ ਅਤੇ ਕਰਜ਼ਾ ਪਾਲਿਸੀਆਂ ਵਿੱਚ ਕੀਤੀਆਂ ਗਈਆਂ ਸੋਧਾਂ, ਤਰਮੀਮਾਂ ਅਤੇ ਨਿਰਦੇਸ਼ਾਂ ਨੂੰ ਅਪਨਾਉਣ ਤੇ ਵਿਚਾਰ।
3. ਸਾਲ 2024-25 ਦੀ ਬੈਲਸ ਸ਼ੀਟ, ਚਿੱਠਾ, ਲਾਭ-ਹਾਨੀ, ਖਰਚੇ, ਆਮਦਨ, ਅਡਿਟ ਰਿਪੋਰਟ ਅਤੇ ਇੰਸਪੈਕਸ਼ਨ ਰਿਪੋਰਟ ਵਾਚਨ ਉਪਰੰਤ ਪ੍ਰਵਾਨ ਕਰਨ ਤੇ ਵਿਚਾਰ।
4. ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾਂ-ਤਾਰੀਖ ਤੱਕ ਪ੍ਰਬੰਧਕ ਕਮੇਟੀ/ਪ੍ਰਸ਼ਾਸਕ ਵੱਲੋਂ ਪਾਸ ਕੀਤੇ ਗਏ ਮੱਤਿਆਂ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ ਤੇ ਵਿਚਾਰ।
5. ਸਾਲ 2024-25 ਦੌਰਾਨ ਬੈਂਕ ਦੇ ਕੰਮਕਾਰ ਸਬੰਧੀ ਕੀਤੇ ਗਏ ਖਰਚੇ ਦੀ ਪ੍ਰਵਾਨਗੀ ਤੇ ਵਿਚਾਰ।
6. ਆਮ ਇਜਲਾਸ ਸਬੰਧੀ ਹੋਏ ਖਰਚੇ ਦੀ ਪ੍ਰਵਾਨਗੀ ਦੇਣ ਤੇ ਵਿਚਾਰ।

ਨੋਟ: 1. ਬੈਂਕ ਦੇ ਕੰਮ ਕਾਰ ਨਾਲ ਸਬੰਧਤ ਜਾਣਕਾਰੀ ਲਿਖਤੀ ਤੌਰ ਤੇ ਆਮ ਇਜਲਾਸ ਤੋਂ ਤਿੰਨ ਦਿਨ ਪਹਿਲਾਂ ਲਈ ਜਾ ਸਕਦੀ ਹੈ।

ਸਹੀ/-
ਮੈਨੇਜਰ,
ਦੀ ਸੰਗਰੂਰ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਸੰਗਰੂਰ।

ADITYA BIRLA CAPITAL PROTECTING INVESTING FINANCING ADVISING

ਅਦਿੱਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮਟਿਡ

ਰਜਿਸਟਰਡ ਦਫ਼ਤਰ : ਇੰਡੀਅਨ ਰੇਆਨ ਕੰਪਾਊਂਡ, ਵੀਰਾਵਲ, ਗੁਜਰਾਤ-362 266, ਬ੍ਰਾਂਚ ਦਫਤਰ : ਐਸਸੀਓ 130-132, ਪਹਿਲੀ ਮੰਜ਼ਿਲ, ਅਪਰਾ ਟਾਵਰ, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣ, ਪੰਜਾਬ 141001

ਅੰਤਿਕਾ IV
[ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦਾ ਰੂਲ 8(1) ਦੇਖੋ]
ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂਕਿ ਅਦਿੱਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮਟਿਡ ਦੇ ਨਿਮਨ ਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਊਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਊਰਟੀ ਇੰਟਰਸਟ ਐਕਟ 2002 (54 ਆਫ਼ 2002) ਅਤੇ ਸਕਿਊਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਮਿਤੀ 26.12.2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ **ਰਾਹੁਲ ਅਟਵਾਲ, ਮੀਨਾ** ਨੂੰ **ਨੋਟਿਸ ਵਿਚ ਦਰਸਾਈ ਰਕਮ ਰੁ. 14,72,516.00/- (ਚੌਦਾਂ ਲੱਖ ਬਹੱਤਰ ਹਜ਼ਾਰ ਪੰਜ ਸੌ ਸੋਲਾਂ ਰੁ. ਸਿਰਫ਼)** ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ **27 ਫਰਵਰੀ, 2026** ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜਾ ਲੈ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਰਕਮ ਰੁ. 14,72,516.00/- (ਚੌਦਾਂ ਲੱਖ ਬਹੱਤਰ ਹਜ਼ਾਰ ਪੰਜ ਸੌ ਸੋਲਾਂ ਰੁ. ਸਿਰਫ਼) ਅਤੇ ਇਸ 'ਤੇ ਵਿਆਜ ਦੀ ਵਸੂਲੀ ਲਈ ਅਦਿੱਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮਟਿਡ ਕੋਲ ਹੈ। ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਅਚੱਲ ਜਾਇਦਾਦ ਦਾ ਵੇਰਵਾ

ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਮਕਾਨ ਮਿਣਤੀ 44 ਵ. ਗਜ਼ ਵਿਚੋਂ ਖਸਰਾ ਨੰ. 42//6/2, 7/2, 8/2, 9/2, ਖਾਤਾ ਨੰ. 519/527, 520/528, 521/529, 522/530 ਜਮਾਂਬੰਦੀ ਸਾਲ 2006-2007 ਅਨੁਸਾਰ ਸਥਿਤ ਹੈ ਜੋ ਜਾਣਿਆ ਜਾਂਦਾ ਹੈ ਪਿੰਡ ਕੁਲੀਆਂਵਾਲ, ਹੱਦਬਸਤ ਨੰ. 178, ਅਬਾਦੀ ਪੁਨੀਤ ਨਗਰ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ ਸ੍ਰੀ ਰਾਹੁਲ ਅਟਵਾਲ ਦੇ ਨਾਂ 'ਤੇ ਰਜਿਸਟਰਡ ਸੇਲ ਡੀਡ ਨੰ. 5568 ਤਹਿਤ ਮਿਤੀ 5 ਜੂਨ 2023 ਨੂੰ ਅਤੇ ਹੱਦਾਂ ਇਸ ਤਰ੍ਹਾਂ ; ਪੂਰਬ : ਭੂਸ਼ਨ ਦੀ ਜਾਇਦਾਦ 30', ਪੱਛਮ ; ਕਿਰਾਏ ਦੀ ਜਾਇਦਾਦ 30', ਉਤਰ : ਖਾਲੀ ਪਲਾਟ 13'2", ਦੱਖਣ : ਗਲੀ 13'2"

ਮਿਤੀ : 27.02.2026 ਅਧਿਕਾਰਤ ਅਫ਼ਸਰ
ਸਥਾਨ : ਲੁਧਿਆਣਾ ਅਦਿੱਤਿਆ ਬਿਰਲਾ ਹਾਊਸਿੰਗ ਫਾਈਨਾਂਸ ਲਿਮਟਿਡ

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

ਰਜਿ. ਦਫਤਰ : 507, ਡਾਲਾਮਲ ਹਾਊਸ, ਜਮਨਾਲਾਲ ਬਜਾਜ, ਨਰੀਮਨ ਪੁਆਇੰਟ, ਮੁੰਬਈ-400021
ਕਾਰਪੋਰੇਟ ਦਫ਼ਤਰ : 55-56, 5ਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400021,
ਦਫਤਰ : 314, ਤੀਜੀ ਮੰਜ਼ਿਲ, ਆਰ ਜੀ ਟ੍ਰੇਡ ਟਾਵਰ, ਨੇਤਾਜੀ ਸੁਭਾਸ਼ ਪੈਲੇਸ, ਪਿਤਮਪੁਰਾ, ਨਵੀਂ ਦਿੱਲੀ-110034

ਕਬਜ਼ਾ ਨੋਟਿਸ [ਰੂਲ 8(1)] (ਅਚੱਲ ਜਾਇਦਾਦ ਲਈ)

ਜਿਵੇਂ ਕਿ ਜਨਾ ਸਮਾਲ ਫਾਈਨਾਂ ਬੈਂਕ ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਦੁਆਰਾ ਸਕਿਊਰਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇੰਨਫੋਰਸਮੈਂਟ ਆਫ ਸਕਿਊਰਟੀ ਇੰਟਰਸਟ ਐਕਟ 2002 (ਸਰਫਾਇਸੀ ਐਕਟ) ਅਧੀਨ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ 07.02.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ **ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਗਿਰਵੀਕਾਰ : 1. ਸ੍ਰੀ ਵਿਸ਼ ਰਾਮ ਪੁੱਤ ਸ੍ਰੀ ਵਿਧਾਨ (ਕਰਜ਼ਦਾਰ), 2. ਸ੍ਰੀਮਤੀ ਬਦਾਮੀ ਦੇਵੀ (ਸਹਿ ਕਰਜ਼ਦਾਰ)** ਨੂੰ ਨੋਟਿਸ ਵਿਚ ਦਰਸਾਈ ਰਕਮ ਰੁ. 8,67,936/- (ਅੱਠ ਲੱਖ ਸਤਾਹਟ ਹਜ਼ਾਰ ਨੌਂ ਸੌ ਛੱਤੀ ਰੁ. ਸਿਰਫ) ਮਿਤੀ 06.02.2024 ਨੂੰ ਸਮੇਤ ਕੰਟਰੈਕਚੂਅਲ ਦਰ ਨਾਲ ਅਗਾਊਂ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਜਨਾ ਸਮਾਲ ਫਾਈਨੈਂਸ ਬੈਂਕ ਲਿਮਿਟਡ (ਇਸ ਤੋਂ ਬਾਅਦ 'ਜਨਾ ਬੈਂਕ' ਵਜੋਂ ਜਾਣਿਆ ਜਾਂਦਾ ਹੈ) ਤੋਂ ਉਧਾਰ ਲੈਣ ਵਾਲਿਆਂ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਕ੍ਰੈਡਿਟ ਸਹੂਲਤਾਂ, ਸਾਰੇ ਅੰਡਰਲਾਈਂਗ ਸੁਰੱਖਿਆ ਹਿੱਤਾਂ ਅਤੇ ਉਸ ਵਿੱਚ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤਾਂ ਨੂੰ ਜਨਾ ਬੈਂਕ ਵੱਲੋਂ ਪੈਗਾਸਸ ਅਸੇਟਸ ਰੀਕੰਸਟਰਕਸ਼ਨ ਪ੍ਰਾਈਵੇਟ ਲਿਮਿਟਡ ਜੋ ਕਿ ਪੇਗਾਸੂਸ 2023 ਟਰੱਸਟ 10 (ਇਸ ਤੋਂ ਬਾਅਦ 'ਪੈਗਾਸਸ' ਵਜੋਂ ਜਾਣਿਆ ਜਾਂਦਾ ਹੈ) ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਵਿੱਚ ਕੰਮ ਕਰਦਿਆਂ ਕਿ 28/3/2024 ਨੂੰ ਸਰਫਾਇਸੀ ਐਕਟ ਦੇ ਅਧੀਨ, ਕਰਜ਼ੇ ਦੇ ਸਮਝੌਤੇ ਦੀ ਨਿਯੁਕਤੀ ਦੇ ਅਨੁਸਾਰ ਨੂੰ ਸੌਂਪੇ ਗਏ। ਉਪਰੋਕਤ ਅਸਾਈਨਮੈਂਟ ਦੇ ਅਨੁਸਾਰ ਅਤੇ ਸਰਫਾਇਸੀ ਐਕਟ ਦੇ ਉਪਬੰਧਾਂ ਦੇ ਅਨੁਸਾਰ, ਪੈਗਾਸਸ ਰਿਣਦਾਤਾ ਬਣ ਗਿਆ ਹੈ ਅਤੇ 13(2) ਨੋਟਿਸ ਵਿੱਚ ਦੱਸੇ ਗਏ ਪੂਰੇ ਬਕਾਏ ਵਸੂਲਣ ਦਾ ਹੱਕਦਾਰ ਹੈ, ਅਤੇ ਸਰਫਾਇਸੀ ਐਕਟ ਅਤੇ ਇਸਦੇ ਅਧੀਨ ਨਿਯਮਾਂ ਦੇ ਉਪਬੰਧਾਂ ਦੇ ਤਹਿਤ ਇੱਕ ਸੁਰੱਖਿਅਤ ਲੈਂਣਦਾਰ ਵਜੋਂ ਆਪਣੇ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕਦਾਰ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧਿਕਾਰਤ ਅਫ਼ਸਰ ਨੇ ਸਕਿਓਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ **27.02.2026** ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਕੋਈ ਸੌਦਾ ਨਾ ਕੀਤਾ ਜਾਵੇ। ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਰੁ. 9,80,858.70/- (ਨੌਂ ਲੱਖ ਅੱਸੀ ਹਜ਼ਾਰ ਅੱਠ ਸੌ ਅਠਵੰਜਾ ਰੁ. ਸੱਤਰ ਸਿਰਫ) ਮਿਤੀ 16.02.2026 ਨੂੰ ਸਮੇਤ ਅਗਾਊਂ ਵਿਆਜ, ਲਾਗਤਾਂ, ਚਾਰਜਿਜ਼ ਅਤੇ ਇਸ 'ਤੇ ਹੋਰ ਖਰਚੇ ਭਾਵ 17.02.2026 ਤੋਂ ਦੀ ਵਸੂਲੀ ਦਾ ਅਧਿਕਾਰ ਪੇਗਾਸੂਸ ਕੋਲ ਹੈ।

ਕਿਰਪਾ ਕਰਕੇ ਧਿਆਨ ਦਿਓ, ਜਨ ਸਮਾਲ ਫਾਈਨੈਂਸ ਬੈਂਕ ਲਿਮਿਟਡ ਦੇ ਅਧਿਕਾਰੀ ਤੁਹਾਡੇ ਕਰਜ਼ਾ ਖਾਤੇ 'ਤੇ ਉਗਰਾਹੀ ਅਤੇ ਵਸੂਲੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਅਚੱਲ ਜਾਇਦਾਦ ਦਾ ਵੇਰਵਾ

ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਅਚੱਲ ਜਾਇਦਾਦ, ਜਾਇਦਾਦ ਜੋ ਕਿ ਮਿਣਤੀ 60 ਵ. ਗਜ਼, ਜੋ ਸ਼ਾਮਲ ਹੈ ਅਧੀਨ ਖਸਰਾ ਨੰ. 12//5/2/2, 6/2, ਖਾਤਾ ਨੰ. 264/283, ਜਮਾਂਬੰਦੀ ਸਾਲ 2011-2012 ਲਈ, ਹੱਦਬਸਤ ਨੰ. 242, ਸਥਿਤ ਹੈ ਦੁਰਗਾ ਕਾਲੋਨੀ, ਢੰਡਾਰੀ ਖੁਰਦ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ ਦਸਤਾਵੇਜ਼ ਨੰ. 2021-22/102/1/1168 ਮਿਤੀ 30 ਅਪ੍ਰੈਲ 2021 ਨੂੰ ਮਲਕੀਅਤ ਸ੍ਰੀਮਤੀ ਬਦਾਮੀ ਦੇਵੀ ਪਤਨੀ ਵਿਸ਼ ਰਾਮ ਦੀ, ਹੱਦਾਂ : ਪੂਰਬ : ਗੁਆਂਢੀ, ਪੱਛਮ : ਗਲੀ, ਉਤਰ ; ਗਲੀ, ਦੱਖਣ : ਗੁਆਂਢੀ

ਮਿਤੀ : 27.02.2026 ਸਹੀ/-ਅਧਿਕਾਰਤ ਅਫ਼ਸਰ
ਸਥਾਨ : ਢੰਡਾਰੀ, ਲੁਧਿਆਣਾ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2023 ਟਰੱਸਟ 10 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400 021, ਫੋਨ : 022-6188 4700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ...

[illegible]

ਸਥਾਨ : ਦੋਰਾਹਾ, ਪੰਜਾਬ ਅਧਿਕਾਰਤ ਅਫ਼ਸਰ
ਮਿਤੀ : 28.02.2026 ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2024 ਟਰੱਸਟ-1 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

ਰਜਿ. ਦਫਤਰ : 507, ਡਾਲਾਮਲ ਹਾਊਸ, ਜਮਨਾਲਾਲ ਬਜਾਜ, ਨਰੀਮਨ ਪੁਆਇੰਟ, ਮੁੰਬਈ-400021
ਕਾਰਪੋਰੇਟ ਦਫ਼ਤਰ : 55-56, 5ਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400021,
ਦਫਤਰ : 314, ਤੀਜੀ ਮੰਜ਼ਿਲ, ਆਰ ਜੀ ਟ੍ਰੇਡ ਟਾਵਰ, ਨੇਤਾਜੀ ਸੁਭਾਸ਼ ਪੈਲੇਸ, ਪਿਤਮਪੁਰਾ, ਨਵੀਂ ਦਿੱਲੀ-110034

ਕਬਜ਼ਾ ਨੋਟਿਸ [ਰੂਲ 8(1)] (ਅਚੱਲ ਜਾਇਦਾਦ ਲਈ)

ਜਿਵੇਂ ਕਿ ਜਨਾ ਸਮਾਲ ਫਾਈਨਾਂ ਬੈਂਕ ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਦੁਆਰਾ ਸਕਿਊਰਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇੰਨਫੋਰਸਮੈਂਟ ਆਫ ...

[illegible]

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400 021, ਫੋਨ : 022-6188 4700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

[illegible]

ਸਥਾਨ : ਲੁਧਿਆਣਾ, ਪੰਜਾਬ ਅਧਿਕਾਰਤ ਅਫ਼ਸਰ
ਮਿਤੀ : 28.02.2026 ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2024 ਟਰੱਸਟ-1 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

ਰੋਜ਼ਾਨਾ 'ਸਪੋਕਸਮੈਨ ਕਲਾਸੀਫ਼ਾਈਡ CLASSIFIED

ਨਾਮ ਬਦਲੀ

• ਮੈਂ, ਰਾਕੇਸ਼ ਕੁਮਾਰ ਪੁੱਤਰ ਸਵ. ਸ੍ਰੀ ਮਹਿੰਦਰ ਭਗਤ, ਐਸਸੀਓ 27, ਕਲਗੀਧਰ ਐਨਕਲੇਵ, ਬਲਟਾਣਾ, ਐਸਏਐਸ ਨਗਰ ਮੋਹਾਲੀ ਨੇ ਆਪਣੇ ਨਾਬਾਲਗ ਪੁੱਤਰ ਦਾ ਨਾਂ ਬਦਲ ਕੇ ਅਮਿਤ ਭਗਤ ਤੋਂ ਅਮਿਤ ਕੁਮਾਰ ਰੱਖ ਲਿਆ ਹੈ।

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

ਰਜਿ. ਦਫਤਰ : 507, ਡਾਲਾਮਲ ਹਾਊਸ, ਜਮਨਾਲਾਲ ਬਜਾਜ, ਨਰੀਮਨ ਪੁਆਇੰਟ, ਮੁੰਬਈ-400021
ਕਾਰਪੋਰੇਟ ਦਫ਼ਤਰ : 55-56, 5ਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400021,
ਦਫਤਰ : 314, ਤੀਜੀ ਮੰਜ਼ਿਲ, ਆਰ ਜੀ ਟ੍ਰੇਡ ਟਾਵਰ, ਨੇਤਾਜੀ ਸੁਭਾਸ਼ ਪੈਲੇਸ, ਪਿਤਮਪੁਰਾ, ਨਵੀਂ ਦਿੱਲੀ-110034

ਕਬਜ਼ਾ ਨੋਟਿਸ [ਰੂਲ 8(1)] (ਅਚੱਲ ਜਾਇਦਾਦ ਲਈ)

ਜਿਵੇਂ ਕਿ ਜਨਾ ਸਮਾਲ ਫਾਈਨਾਂ ਬੈਂਕ ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਦੁਆਰਾ ਸਕਿਊਰਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇੰਨਫੋਰਸਮੈਂਟ ਆਫ ...

[illegible]

PEGASUS ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ

ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

[illegible]

ਸਥਾਨ : ਭਵਾਨੀਗੜ੍ਹ, ਸੰਗਰੂਰ, ਪੰਜਾਬ ਅਧਿਕਾਰਤ ਅਫ਼ਸਰ
ਮਿਤੀ : 28.02.2026 ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2024 ਟਰੱਸਟ-1 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

Rajinder Singh, Publisher & Printer: printed at Jagjit Publishing Company Private Limited, D-12, Industrial Area, Phase-1, Mohali and Published from Kothi No. 1079, Sector 8-C, Chandigarh. Bhola Singh Preet Dy. News Editor (Responsible for selection of News Under PRB Act) email : spokesmanphoto@gmail.com Phone (Mohali) : +91-172-3047678, 3047683, 3047690 Chd.Office : 0172-4576069. RNI NO. CHA PUN/2005/15875. WPP Postal Regd. No. CHD/108/09-11.